ਦਫਤਰ ਚੇਅਰਮੈਨ,ਭਰਤੀ ਬੋਰਡ-ਕਮ- ਪ੍ਰਮੁੱਖ ਸਕੱਤਰ,ਸਕੂਲ ਸਿੱਖਿਆ ਵਿਭਾਗ,ਪੰਜਾਬ।
ਪੀ.ਐਸ.ਈ.ਬੀ ਕੰਪਲੈਕਸ,ਈ ਬਲਾਕ,ਪੰਜਵੀ ਮੰਜਿਲ,ਫੇਜ਼-8,ਐਸ.ਏ.ਐਸ ਨਗਰ।
(ਵੈਬਸਾਈਟ www.educationrecruitmentboard.com)

---

## ਜਨਤਕ ਨਿਯੁਕਤੀਆਂ

ਪੰਜਾਬ ਸਿੱਖਿਆ ਵਿਭਾਗ, ਸਿੱਖਿਆ ਭਰਤੀ ਬੋਰਡ ਵੱਲੋਂ ਹੇਠ ਲਿਖੇ ਅਨੁਸਾਰ ਪੇਂਡੂ ਸਹਿਯੋਗੀ ਅਧਿਆਪਕਾਂ ਦੀਆਂ ਅਸਾਮੀਆਂ ਦੀ ਭਰਤੀ ਕਰਨ ਲਈ ਯੋਗ ਉਮੀਦਵਾਰਾਂ ਵੱਲੋਂ ਵਿਭਾਗ ਦੀ ਵੈਬ-ਸਾਈਟ **www.educationrecruitmentboard.com** ਤੇ ਆਨਲਾਈਨ ਦਰਖਾਸਤਾਂ ਦੀ ਮੰਗ ਮਿਤੀ 03-11-2014 ਤੱਕ ਕੀਤੀ ਜਾਂਦੀ ਹੈ।ਭਰੀਆਂ ਜਾਣ ਵਾਲੀਆਂ ਆਸਾਮੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

1. ਆਸਾਮੀ ਦਾ ਨਾਮ:- ਡੀ.ਪੀ.ਈ

ੳ. ਆਸਾਮੀਆਂ ਦੀ ਗਿਣਤੀ :- 130

ਅ. ਕੈਟਾਗਿਰੀ ਵਾਈਜ਼ ਆਸਾਮੀਆਂ ਦੀ ਵੰਡ:

| ਅਸਾਮੀ ਦਾ ਨਾਂ | ਕੁੱਲ ਅਸਾਮੀਆਂ | ਜਨਰਲ | ਐਸ.ਸੀ | | ਐਕਸ ਸਰਵਿਸਮੈਨ | | | ਬੀਸੀ | ਸਪੋਰਟਸ ਕੈਟਾਗਿਰੀ | | ਅੰਗਹੀਣ | ਸੁਤੰਤਰਤਾ ਸੰਗਰਾਮੀ |
|---|---|---|---|---|---|---|---|---|---|---|---|---|
| | | | M&B | R&O | ਜਨਰਲ | ਐਸ.ਸੀ. | ਬੀਸੀ | | ਜਨਰਲ | ਐਸ.ਸੀ | | |
| ਡੀ.ਪੀ.ਈ (ਮਾਸਟਰ) | 130 | 65 | 13 | 13 | 10 | 5 | 2 | 13 | 3 | 1 | 4 | 1 |

ੲ. ਅਦਾਇਗੀ ਯੋਗ ਰਕਮ :-

ਯਕਮੁਸਤ 6000/- ਰੁ: ਪ੍ਰਤੀ ਮਹੀਨਾ ਅਦਾ ਕੀਤੀ ਜਾਵੇਗੀ।ਇਸ ਵਿੱਚ 500/- ਰੁਪਏ ਪ੍ਰਤੀ ਸਾਲਾਨਾ ਵਾਧਾ ਕੀਤਾ ਜਾਵੇਗਾ।

ਸ. ਵਿਦਿਅਕ ਯੋਗਤਾ :-

ਪੰਜਾਬ ਸਟੇਟ ਐਜੂਕੇਸ਼ਨ ਕਲਾਸ-3(ਸਕੂਲ ਕਾਡਰ) ਸੇਵਾ ਨਿਯਮਾਂਵਲੀ,1978 (ਜਿਨ੍ਹਾਂ ਨੂੰ ਕਿ ਸਮੇਂ ਸਮੇਂ ਤੇ ਸੋਧਿਆ ਗਿਆ ਹੈ), ਅਨੁਸਾਰ ਉਮੀਦਵਾਰ ਨੇ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਸਨਾਤਕ ਦੀ ਡਿਗਰੀ ਤੋਂ ਬਾਅਦ ਇੱਕ ਸਾਲ ਦਾ ਐਡਵਾਂਸ ਫਿਜੀਕਲ ਟ੍ਰੇਨਿੰਗ ਕੋਰਸ ਦੀ ਡਿਗਰੀ ਜਾਂ ਡਿਪਲੋਮਾ ਪਾਸ ਕੀਤਾ ਹੋਵੇ।

1. ਗਰੈਜੂਏਸਨ ਵਿੱਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ : 40%
2. ਕਿੱਤਾ ਮੁੱਖੀ ਯੋਗਤਾ<br>(ਬੀ.ਪੀ.ਐਡ/ਡੀ.ਪੀ.ਐਡ ਇੱਕ ਸਾਲਾ)<br>ਵਿੱਚ ਪ੍ਰਾਪਤ ਅੰਕਾਂ ਦਾ ਪ੍ਰਤੀਸ਼ਤ : 40%
3. ਉੱਚੇਰੀ ਯੋਗਤਾ<br>(ਐਮ.ਏ.ਸਰੀਰਕ ਸਿੱਖਿਆ/ਐਮ.ਪੀ.ਐਡ)<br>ਵਿੱਚ ਪ੍ਰਾਪਤ ਅੰਕਾਂ ਦੀ ਪ੍ਰਤੀਸ਼ਤਤਾ : 10%
4. ਐਮ ਫਿਲ (ਸਬੰਧਤ ਵਿਸ਼ੇ ਵਿੱਚ) : 7 ਅੰਕ
5. ਪੀ.ਐਚ.ਡੀ. (ਸਬੰਧਤ ਵਿਸ਼ੇ ਵਿੱਚ) : 8 ਅੰਕ
6. ਐਮ ਫਿਲ ਅਤੇ ਪੀ.ਐਚ ਡੀ.ਦੋਨੋਂ (ਸਬੰਧਤ ਵਿਸ਼ੇ ਵਿੱਚ) : 10 ਅੰਕ

ਨੋਟ :-

1. ਜੇਕਰ ਕਿਸੇ ਉਮੀਦਵਾਰ ਵੱਲੋਂ ਚਾਰ ਸਾਲਾ ਇੰਟੀਗਰੇਟਡ ਬੀ.ਪੀ.ਐਡ ਕੋਰਸ ਪਾਸ ਕੀਤਾ ਹੋਵੇਗਾ ਤਾਂ ਉਸ ਦੀ ਮੈਰਿਟ ਇਸ ਕੋਰਸ ਵਿੱਚ ਪ੍ਰਾਪਤ ਕੀਤੇ ਗਏ ਅੰਕਾਂ ਦੀ 80 ਪ੍ਰਤੀਸ਼ਤ ਦੇ ਅਨੁਸਾਰ ਕੀਤੀ ਜਾਵੇਗੀ।
2. ਜੇਕਰ ਕਿਸੇ ਉਮੀਦਵਾਰ ਵੱਲੋਂ ਤਿੰਨ ਸਾਲਾਂ ਬੈਚਲਰ ਆਫ ਫਿਜੀਕਲ ਐਜੂਕੇਸਨ (ਬੀ.ਪੀ.ਈ.) ਕੋਰਸ ਕਰਨ ਉਪਰੰਤ ਦੋ ਸਾਲਾਂ ਮਾਸਟਰ ਆਫ ਫਿਜੀਕਲ ਐਜੂਕੇਸਨ (ਐਮ.ਪੀ.ਐਡ.) ਦੀ ਵਿੱਦਿਅਕ ਯੋਗਤਾ ਪ੍ਰਾਪਤ ਕੀਤੀ ਹੋਵੇ ਤਾਂ ਉਸ ਦੀ ਉਚੇਰੀ ਯੋਗਤਾ ਮਾਸਟਰ ਆਫ ਫਿਜੀਕਲ ਐਜੂਕੇਸਨ (ਐਮ.ਪੀ.ਐਡ.) ਨੂੰ ਮੁੱਢਲੀ ਪ੍ਰੋਫੇਸ਼ਨਲ ਯੋਗਤਾ ਮੰਨਿਆ ਜਾਵੇਗਾ ਅਤੇ ਉਚੇਰੀ ਯੋਗਤਾ ਦਾ ਕੋਈ ਵਾਧੂ ਅੰਕ ਨਹੀਂ ਦਿੱਤਾ ਜਾਵੇਗਾ।

2. ਆਸਾਮੀ ਦਾ ਨਾਮ: ਆਰਟ ਐਂਡ ਕਰਾਫਟ

ੳ. ਆਸਾਮੀਆਂ ਦੀ ਗਿਣਤੀ:- 100

ਅ. ਕੈਟਾਗਿਰੀ ਵਾਈਜ਼ ਆਸਾਮੀਆਂ ਦੀ ਵੰਡ:

| ਅਸਾਮੀ ਦਾ ਨਾਂ | ਕੁੱਲ ਅਸਾਮੀਆਂ | ਜਨਰਲ | ਐਸ.ਸੀ | | ਐਕਸ ਸਰਵਿਸਮੈਨ | | | | ਬੀਸੀ | ਸਪੋਰਟਸ ਕੈਟਾਗਿਰੀ | | | ਅੰਗਹੀਣ | ਸੁਤੰਤਰਤਾ ਸੰਗਰਾਮੀ |
|---|---|---|---|---|---|---|---|---|---|---|---|---|---|---|
| | | | M&B | R&O | ਐਸ.ਸੀ. | | ਜਨਰਲ | ਬੀਸੀ | | ਐਸ.ਸੀ. | | ਜਨਰਲ | | |
| . | | | | | M&B | R&O | | | | M&B | R&O | | | |
| ਆਰਟ ਐਂਡ ਕਰਾਫਟ ਟੀਚਰ | 100 | 50 | 10 | 10 | 2 | 2 | 7 | 2 | 10 | 1 (higher in merit) | | 2 | 3 | 1 |

ੲ. ਅਦਾਇਗੀ ਯੋਗ ਰਕਮ :-

ਯਕਮੁਸਤ 5800/- ਰੁ: ਪ੍ਰਤੀ ਮਹੀਨਾ ਅਦਾ ਕੀਤੀ ਜਾਵੇਗੀ।ਇਸ ਵਿੱਚ 400/- ਰੁਪਏ ਪ੍ਰਤੀ ਸਾਲਾਨਾ ਵਾਧਾ ਕੀਤਾ ਜਾਵੇਗਾ।

ਸ. ਵਿਦਿਅਕ ਯੋਗਤਾ :-

ਮੁੱਢਲੀ ਯੋਗਤਾ:-

ਦਸਵੀਂ ਦੀ ਪ੍ਰੀਖਿਆ ਪਾਸ ਕੀਤੀ ਹੋਵੇ ਅਤੇ ਪੰਜਾਬ ਸਰਕਾਰ,ਤਕਨੀਕੀ ਸਿੱਖਿਆ ਵਿਭਾਗ ਤੋਂ ਪ੍ਰਵਾਨਿਤ ਸੰਸਥਾਂ ਤੋਂ ਦੋ ਸਾਲਾ ਡਿਪਲੋਮਾ ਇਨ ਆਰਟ ਅਤੇ ਕਰਾਫਟ ਹਾਸਲ ਕੀਤਾ ਹੋਵੇ।

ਚੋਣ ਦਾ ਢੰਗ :-

1. ਮੁੱਢਲੀ ਯੋਗਤਾ :- 40 ਪ੍ਰਤੀਸ਼ਤ
2. ਵਿਵਸਾਇਕ ਯੋਗਤਾ :- 40 ਪ੍ਰਤੀਸ਼ਤ
3. ਗਰੈਜ਼ੂਏਸ਼ਨ(ਸਬੰਧਤ ਵਿਸ਼ੇ ਵਿੱਚ) :- 5 ਪ੍ਰਤੀਸ਼ਤ
4. ਪੋਸਟ ਗਰੈਜ਼ੂਏਸ਼ਨ(ਸਬੰਧਤ ਵਿਸ਼ੇ ਵਿੱਚ) :- 5 ਪ੍ਰਤੀਸ਼ਤ
5. ਐਮ.ਫਿਲ(ਸਬੰਧਤ ਵਿਸ਼ੇ ਵਿੱਚ) :- 5 ਪ੍ਰਤੀਸ਼ਤ
6. ਪੀ.ਐਚ.ਡੀ(ਸਬੰਧਤ ਵਿਸ਼ੇ ਵਿੱਚ) :- 5 ਅੰਕ

3. ਆਸਾਮੀ ਦਾ ਨਾਮ: ਹੋਮ ਸਾਇੰਸ

ੳ. ਆਸਾਮੀਆਂ ਦੀ ਗਿਣਤੀ:- 18

ਅ. ਕੈਟਾਗਿਰੀ ਵਾਈਜ਼ ਆਸਾਮੀਆਂ ਦੀ ਵੰਡ:

| ਅਸਾਮੀ ਦਾ ਨਾਂ | ਕੁੱਲ ਅਸਾਮੀਆਂ | ਜਨਰਲ | ਐਸ.ਸੀ | | ਐਕਸ ਸਰਵਿਸਮੈਨ | | | ਬੀਸੀ | ਸਪੋਰਟਸ ਕੈਟਾਗਿਰੀ | | ਅੰਗਹੀਣ | ਸੁਤੰਤਰਤਾ ਸੰਗਰਾਮੀ |
|---|---|---|---|---|---|---|---|---|---|---|---|---|
| | | | M&B | R&O | ਜਨਰਲ | ਐਸ.ਸੀ | ਬੀਸੀ | | ਜਨਰਲ | ਐਸ.ਸੀ | | |
| | | | | | | | | | | | | |
| ਹੋਮ ਸਾਇੰਸ | 18 | 8 | 5(odd to higher merit) | | 2 | - | - | 2 | - | - | 1 | - |
| | | | 2 | 2 | | | | | | | | |

ੲ. ਅਦਾਇਗੀ ਯੋਗ ਰਕਮ :-

ਯਕਮੁਸਤ 6000/- ਰੁ: ਪ੍ਰਤੀ ਮਹੀਨਾ ਅਦਾ ਕੀਤੀ ਜਾਵੇਗੀ। ਇਸ ਵਿੱਚ 500/- ਰੁਪਏ ਪ੍ਰਤੀ ਸਾਲਾਨਾ ਵਾਧਾ ਕੀਤਾ ਜਾਵੇਗਾ।

ਸ. ਵਿਦਿਅਕ ਯੋਗਤਾ :-

ਮੁੱਢਲੀ ਯੋਗਤਾ:-

ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਬੀ.ਐਸ.ਸੀ ਹੋਮ ਸਾਇੰਸ ਪਾਸ ਕੀਤੀ ਹੋਵੇ ਅਤੇ ਬੀ.ਐਡ ਪਾਸ ਹੋਵੇ।

ਚੋਣ ਦਾ ਢੰਗ :-

1. ਮੁੱਢਲੀ ਯੋਗਤਾ :-40 ਪ੍ਰਤੀਸ਼ਤ
2. ਵਿਵਸਾਇਕ ਯੋਗਤਾ :-40 ਪ੍ਰਤੀਸ਼ਤ
3. ਪੋਸਟ ਗਰੈਜੂਏਸ਼ਨ (ਸਬੰਧਤ ਵਿਸ਼ੇ ਵਿੱਚ) :-10 ਪ੍ਰਤੀਸ਼ਤ
4. ਐਮ.ਫਿਲ (ਸਬੰਧਤ ਵਿਸ਼ੇ ਵਿੱਚ) :- 5 ਪ੍ਰਤੀਸ਼ਤ
5. ਪੀ.ਐਚ.ਡੀ (ਸਬੰਧਤ ਵਿਸ਼ੇ ਵਿੱਚ) :- 5 ਅੰਕ

5. ਬਿਨੈ-ਪੱਤਰ ਪ੍ਰੋਸੈਸਿੰਗ ਫੀਸ :-

ਆਮ ਵਰਗ : 300 ਰੁਪਏ

ਐਸ.ਸੀ/ਐਸ.ਟੀ : 200 ਰੁਪਏ

ਸਾਬਕਾ ਸੈਨਿਕ (ਖੁਦ) ਅਤੇ

ਅੰਗਹੀਣ ਵਿਅਕਤੀਆਂ ਲਈ : ਕੋਈ ਫੀਸ ਨਹੀਂ

ਸਾਬਕਾ ਸੈਨਿਕ(ਆਸ਼ਰਿਤ) : ਆਮ ਵਰਗ ਵਾਂਗ

ਸਾਬਕਾ ਸੈਨਿਕਾਂ ਨੂੰ ਫੀਸ ਦੀ ਅਦਾਇਗੀ ਤੋਂ ਛੋਟ ਹੋਵੇਗੀ, ਬਸ਼ਰਤੇ ਕਿ ਉਨਾਂ ਨੂੰ ਭਾਰਤ ਸਰਕਾਰ ਵੱਲੋਂ ਨੌਕਰੀ ਦੌਰਾਨ ਜਾਂ ਨਿਸ਼ਚਿਤ ਆਮ ਅਰਸਾ ਮੁਕੰਮਲ ਹੋਣ ਤੋਂ ਪਹਿਲਾਂ ਜਾਂ ਖੁਦ ਦੀ ਪ੍ਰਤੀ ਬੇਨਤੀ ਤੇ ਨੌਕਰੀ ਤੋਂ ਫਾਰਗ/ਡਿਸਚਾਰਜ ਨਾ ਕੀਤਾ ਗਿਆ ਹੋਵੇ।

6. ਨੋਟ:-

1. ਉਮੀਦਵਾਰਾਂ ਦੀ ਪ੍ਰੋਵੀਜ਼ਨਲ ਮੈਰਿਟ ਬਣਾ ਕੇ ਆਸਾਮੀਆਂ ਦੇ ਪੰਜ (5) ਗੁਣਾ ਉਮੀਦਵਾਰਾਂ ਨੂੰ ਦਸਤਾਵੇਜ਼ਾਂ ਦੀ ਸਕਰੂਟਨੀ ਲਈ ਬੁਲਾਇਆ ਜਾਵੇਗਾ।
2. ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਉਮੀਦਵਾਰ ਕਿਸੇ ਆਸਾਮੀ ਲਈ ਉਚੇਰੀ ਯੋਗਤਾ ਦੇ ਅਧਾਰ ਤੇ ਮੁੱਢਲੀ ਪਾਤਰਤਾ ਹਾਸਲ ਕਰਦਾ ਹੈ ਤਾਂ ਉਸ ਦੀ ਉਚੇਰੀ ਯੋਗਤਾ ਨੂੰ ਮੁੱਢਲੀ ਯੋਗਤਾ ਮੰਨਿਆ ਜਾਵੇਗਾ ਅਤੇ ਉਚੇਰੀ ਯੋਗਤਾ ਦਾ ਕੋਈ ਵਾਧੂ ਅੰਕ ਨਹੀਂ ਦਿੱਤਾ ਜਾਵੇਗਾ।
3. ਉਮੀਦਵਾਰ ਵੱਲੋਂ ਜਿਸ ਕੈਟਾਗਿਰੀ ਵਿੱਚ ਆਨ-ਅਪਲਾਈ ਕੀਤਾ ਗਿਆ ਹੈ।ਉਸ ਨੂੰ ਉਸੇ ਕੈਟਾਗਿਰੀ ਵਿੱਚ ਹੀ ਵਿਚਾਰਿਆ ਜਾਵੇਗਾ।ਕਿਸੇ ਵੀ ਹਾਲਤ ਵਿੱਚ ਉਮੀਦਾਵਰ ਦੀ ਕੈਟਾਗਿਰੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ।

7. ਸ਼ਰਤਾਂ:-

1. ਇਹ ਨਿਯੁਕਤੀਆਂ ਸਾਰੀਆਂ ਕੈਟਾਗਿਰੀਆਂ ਲਈ ਠੇਕੇ ਤੇ ਯਕਮੁਸਤ ਰਕਮ ਤੇ ਅਤੇ ਮੁੱਢਲੇ ਤੌਰ ਤੇ ਤਿੰਨ ਸਾਲ ਲਈ ਕੀਤੀ ਜਾਵੇਗੀ।ਉਮੀਦਵਾਰ ਦਾ ਕੰਮ ਅਤੇ ਆਚਰਣ ਤਸੱਲੀਬਖਸ਼ ਹੋਣ ਦੀ ਸੂਰਤ ਤੇ ਉਸ ਨੂੰ ਰੈਗੂਲਰ ਨਿਯੁਕਤੀ ਲਈ ਵਿਚਾਰਿਆ ਜਾ ਸਕਦਾ ਹੈ,ਕਿਸੇ ਵੀ ਹਾਲਤ ਵਿੱਚ ਤਿੰਨ ਸਾਲ ਤੋਂ ਪਹਿਲਾਂ ਰੈਗੂਲਰ ਨਿਯੁਕਤੀ ਲਈ ਨਹੀਂ ਵਿਚਾਰਿਆ ਜਾਵੇਗ।ਪਰੰਤੂ ਇਸ ਸਟੇਜ ਤੇ ਨਿਯੁਕਤੀ ਨੂੰ ਰੈਗੂਲਰ ਕਰਨ ਬਾਰੇ ਕੋਈ ਪੱਕਾ ਭਰੋਸਾ ਨਹੀ ਦਿੱਤਾ ਜਾਂਦਾਂ।ਰੈਗੂਲਰ ਨਿਯੁਕਤੀ ਹੋਣ ਉਪਰੰਤ ਠੇਕੇ ਤੇ ਅਧਾਰਤ ਕੀਤੀ ਸੇਵਾ ਦਾ ਲਾਭ ਨਹੀਂ ਦਿੱਤਾ ਜਾਵੇਗਾ।
2. ਅਸਾਮੀਆਂ ਲਈ ਬਿਨੈ ਕਰ ਰਹੇ ਉਮੀਦਵਾਰ ਇਹ ਯਕੀਨੀ ਬਣਾਉਣਗੇ ਕਿ ਉਹ ਸਾਰੀਆਂ ਨਿਰਧਾਰਤ ਵਿਦਿਅਕ ਯੋਗਤਾਵਾਂ ਮਿਤੀ 08-10-2012 ਤੋਂ ਪਹਿਲਾਂ ਪੂਰੀਆਂ ਕਰਦੇ ਹੋਣ। ਜੇਕਰ ਨਿਯੁਕਤੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਜਾਂਚ ਕਰਨ ਤੇ ਇਹ ਪਾਇਆ ਜਾਂਦਾ ਹੈ ਕਿ ਉਹ ਕੋਈ ਇੱਕ ਵੀ ਯੋਗਤਾ ਪੂਰੀ ਨਹੀਂ ਕਰਦਾ ਜਾਂ ਉਸ ਵੱਲੋਂ ਪੇਸ਼ ਕੀਤੀ ਗਈ ਜਾਣਕਾਰੀ ਝੂਠੀ ਜਾਂ ਗਲਤ ਹੈ, ਤਾਂ ਉਸ ਦੀ ਉਮੀਦਵਾਰੀ ਦਾ ਹੱਕ ਰੱਦ ਕਰ ਦਿੱਤਾ ਜਾਵੇਗਾ ਅਤੇ ਉਸ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।
3. ਜਿਹੜੇ ਉਮੀਦਵਾਰ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦੇ ਰਾਖਵਾਂਕਰਨ ਦਾ ਲਾਭ ਲੈਣਾ ਚਾਹੁੰਦੇ ਹਨ, ਉਨ੍ਹਾਂ ਦੇ ਜਾਤੀ ਸਰਟੀਫਿਕੇਟ ਜੋ ਕਿ ਸਬੰਧਤ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤੇ ਗਏ ਹੋਣ,ਵਿੱਚ ਜਾਤੀ ਸਪੱਸ਼ਟ ਤੌਰ ਤੇ ਲਿਖੀ ਹੋਵੇ। ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੀ ਉਹ ਇਸਤਰੀ ਉਮੀਦਵਾਰ, ਜਿਨ੍ਹਾਂ ਦੇ ਸਰਟੀਫਿਕੇਟ ਵਿਆਹ ਉਪਰੰਤ ਪਤੀ ਦੇ ਨਾਮ ਤੇ ਬਣੇ ਹਨ, ਉਨ੍ਹਾਂ ਇਸਤਰੀ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਉਹ ਸਰਟੀਫਿਕੇਟ,ਜਿਸ ਵਿੱਚ ਪਿਤਾ ਦਾ ਨਾ ਦਰਜ ਹੈ ਜਾਂ ਪਿਤਾ ਦਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਵੀ ਸਬੂਤ ਵਜੋਂ ਸਮੇਂ ਪੇਸ਼ ਕਰਨਾ ਹੋਵੇਗਾ।ਜੇਕਰ ਉਹ ਇਹ ਸਰਟੀਫਿਕੇਟ ਪੇਸ਼ ਨਹੀਂ ਕਰਦੀ ਤਾਂ ਉਸਦੀ ਪਾਤਰਤਾ ਅਨੁਸੂਚਿਤ ਜਾਤੀ ਜਾਂ ਪੱਛੜੀ ਸ਼੍ਰੇਣੀ ਜਿਹੋ ਜਿਹਾ ਵੀ ਕੇਸ ਹੋਵੇ, ਵਿੱਚ ਨਹੀਂ ਵਿਚਾਰੀ ਜਾਵੇਗੀ।ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਸਰਟੀਫਿਕੇਟ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦੇ ਬਣੇ ਹੋਣੇ ਚਾਹੀਦੇ ਹਨ।ਅਨੁਸੂਚਿਤ ਜਾਤੀ ਦਾ ਰਾਖਵਾਂਕਰਨ ਪੰਜਾਬ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ (ਨੌਕਰੀਆਂ ਵਿੱਚ ਰਾਖਵਾਂਕਰਨ) ਐਕਟ, 2006 ਅਨੁਸਾਰ ਹੋਵੇਗਾ, ਪਰੰਤੂ ਉਨ੍ਹਾਂ ਦੀ ਚੋਣ ਇਸ ਸਬੰਧ ਵਿਚ ਮਾਣਯੋਗ ਸੁਪਰੀਮ ਕੋਰਟ ਵਿਖੇ ਪੈਡਿੰਗ ਕੇਸ SLP(CIVIL) No.23507 of 2010 in CWP

NO 18290 OF 2009, ਪੰਜਾਬ ਸਰਕਾਰ ਅਤੇ ਹੋਰ ਬਨਾਮ ਦਵਿੰਦਰ ਸਿੰਘ ਅਤੇ ਹੋਰ ਦੇ ਅੰਤਿਮ ਫੈਸਲੇ ਦੇ ਨਿਰਭਰ ਹੋਵੇਗੀ।

4. ਪੱਛੜੀ ਸ਼੍ਰੇਣੀ ਦਾ ਸਰਟੀਫਿਕੇਟ ਉਦੋਂ ਤੱਕ ਵੈਲਿਡ ਮੰਨਿਆ ਜਾਵੇਗਾ, ਜਦੋਂ ਤੱਕ ਪ੍ਰਾਰਥੀ ਕਰੀਮੀਲੇਅਰ ਦੇ ਦਾਇਰੇ ਵਿਚ ਨਹੀਂ ਆ ਜਾਂਦਾ।ਪੱਛੜੀ ਸ਼੍ਰੇਣੀ ਦਾ ਲਾਭ ਪ੍ਰਾਪਤ ਕਰਨ ਲਈ ਉਮੀਦਵਾਰ ਨੂੰ ਦਸਤਾਵੇਜਾਂ ਦੀ ਸਕਰੂਟਨੀ ਸਮੇਂ ਆਪਣੀ ਪ੍ਰਤੀ ਬੇਨਤੀ ਦੇ ਨਾਲ ਇਕ ਘੋਸ਼ਣਾ ਪੱਤਰ ਦੇਣਾ ਪਵੇਗਾ ਕਿ ਉਸ ਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕਰੀਮੀਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ।

5. ਸਾਬਕਾ ਸੈਨਿਕ ਕੋਟੇ ਅਧੀਨ ਰਾਖਵਾਂਕਰਨ ਕੇਵਲ ਪੰਜਾਬ ਦੇ ਵਸਨੀਕਾ ਤੇ ਹੀ ਲਾਗੂ ਹੋਵੇਗਾ।ਜੇਕਰ ਸਾਬਕਾ ਸੈਨਿਕ ਖੁਦ ਉਮੀਦਵਾਰ ਨਾ ਹੋਵੇ, ਤਾਂ ਇਹ ਰਾਖਵਾਂਕਰਨ ਆਸ਼ਰਿਤਾਂ ਲਈ ਲਾਗੂ ਹੋਵੇਗਾ।ਅਜਿਹੇ ਸਾਬਕਾ ਸੈਨਿਕ/ਆਸ਼ਰਿਤ ਸੈਨਿਕ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ, ਜੋ ਕਿ ਵਿਗਿਆਪਨ ਵਿੱਚ ਦਿੱਤੀ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਬਣਿਆ ਹੋਵੇ, ਦਸਤਾਵੇਜਾਂ ਦੀ ਸਕਰੂਟਨੀ ਸਮੇਂ ਪੇਸ਼ ਕਰਨਗੇ।

6. ਸਵੰਤਰਤਾ ਸੈਨਾਨੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰ, ਸਰਕਾਰ ਦੇ ਪੱਤਰ ਨੰ:16/57-97-8ਪੀ-3/ਸਪੇ 503 ਮਿਤੀ 27.11.2000 ਅਨੁਸਾਰ ਸਮੱਰਥ ਅਧਿਕਾਰੀ ਵੱਲੋਂ ਜਾਰੀ ਕੀਤਾ ਗਿਆ ਲੋੜੀਂਦਾ ਅਸਲ ਸਰਟੀਫਿਕੇਟ ਜੋ ਕਿ ਵਿਗਿਆਪਨ ਵਿੱਚ ਦਿੱਤੀ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦਾ ਬਣਿਆ ਹੋਵੇ,ਦਸਤਾਵੇਜਾਂ ਦੀ ਸਕਰੂਟਨੀ ਦੇ ਸਮੇਂ ਪੇਸ਼ ਕਰਨਗੇ।

7. ਖਿਡਾਰੀ ਕੋਟੇ ਅਧੀਨ ਰਾਖਵਾਂਕਰਨ ਲੈਣ ਵਾਲੇ ਉਮੀਦਵਾਰਾਂ ਨੂੰ ਸਕਰੂਟਨੀ ਸਮੇਂ ਇਹ ਸਰਟੀਫਿਕੇਟ ਪੇਸ਼ ਕਰਨਾਂ ਹੋਵੇਗਾ ਜਿਸ ਵਿੱਚ ਇਹ ਦਰਸਾਇਆ ਹੋਵੇ ਕਿ ਉਨ੍ਹਾਂ ਨੇ ਸਟੇਟ ਪੱਧਰੀ ਫੈਡਰੇਸ਼ਨ ਦੁਆਰਾ ਆਯੋਜਿਤ ਕੀਤੀ, ਪੰਜਾਬ ਉਲੰਪਿਕ ਐਸੋਸੀਏਸ਼ਨ ਨਾਲ ਐਫੀਲੇਟਿਡ ਡਿਸਿਪਲਿਨ ਵਿਚੋਂ ਕਿਸੇ ਇਕ ਡਿਸਿਪਲਿਨ ਵਿਚ, ਸਟੇਟ ਪੱਧਰੀ ਚੈਂਪੀਅਨਸ਼ਿਪ ਵਿਚ ਵਿਅਕਤੀਅਗਤ ਈਵੈਂਟ ਜਾਂ ਟੀਮ ਵਿਚ ਪਹਿਲੀ,ਦੂਸਰੀ ਜਾਂ ਤੀਸਰੀ ਪੁਜ਼ੀਸ਼ਨ ਜਿੱਤੀ ਹੈ ਅਤੇ ਪ੍ਰਸਿੱਧ ਨਾਨ-ਓਲੰਪਿਕ ਜਿਵੇਂ ਕ੍ਰਿਕੇਟ ਅਤੇ ਟੈਨਿਸ ਦੇ ਮਾਮਲੇ ਵਿਚ ਜੈਤੂ ਨੇ ਸਬੰਧਿਤ ਨੈਸ਼ਨਲ ਫੈਡਰੇਸ਼ਨ ਨਾਲ ਐਫੀਲੀਏਟਿਡ ਸਟੇਟ ਪੱਧਰੀ ਐਸੋਸੀਏਸ਼ਨ ਵਿਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਵਿਚੋਂ ਕੋਈ ਇਕ ਪੁਜ਼ੀਸ਼ਨ ਪ੍ਰਾਪਤ ਕੀਤੀ ਹੈ।ਖਿਡਾਰੀ ਕੋਟੇ ਅਧੀਨ ਬਿਨੈ ਕਰਨ ਵਾਲੇ ਉਮੀਦਵਾਰਾਂ ਦੇ ਮਾਮਲੇ ਵਿਚ ਲੋੜੀਂਦਾ ਸਰਟੀਫਿਕੇਟ ਨਿਰਦੇਸ਼ਕ ਖੇਡਾਂ, ਪੰਜਾਬ ਦੁਆਰਾ ਜਾਰੀ ਹੋਵੇ,ਜਿਸ ਵਿੱਚ ਉਨ੍ਹਾਂ ਦੀ ਗਰੇਡੇਸ਼ਨ ਵੀ ਦਰਸਾਈ ਗਈ ਹੋਵੇ।ਕੈਟਾਗਰੀ 'ਸੀ' ਵਜੋਂ ਜਾਰੀ ਕੀਤੇ ਗਏ ਸਰਟੀਫਿਕੇਟ ਕੇਵਲ ਉਹ ਹੀ ਮੰਨੇ ਜਾਣਗੇ,ਜਿਹੜੇ ਕਿ ਨਿਰਦੇਸ਼ਕ ਖੇਡਾਂ,ਪੰਜਾਬ ਵੱਲੋਂ ਪ੍ਰਵਾਣਿਤ ਹਨ।ਉਮੀਦਵਾਰਾਂ ਦੇ ਸਰਟੀਫਿਕੇਟ ਮਿਤੀ 08-10-2012 ਤੋਂ ਪਹਿਲਾਂ ਦੇ ਬਣੇ ਹੋਣੇ ਚਾਹੀਦੇ ਹਨ।

8. ਅਪਾਹਜ ਕੋਟੇ ਅਧੀਨ ਰਾਖਵਾਂਕਰਨ ਪੰਜਾਬ ਸਰਕਾਰ,ਸਮਾਜਿਕ ਸੁਰੱਖਿਆ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਪੱਤਰ ਨੰ:10/26/95-5 ਐਸ ਐਸ/1252 ਮਿਤੀ 02.05.1997 ਅਨੁਸਾਰ ਹੋਵੇਗਾ।ਚਾਹਵਾਨ ਉਮੀਦਵਾਰ ਵਿਗਿਆਪਨ ਵਿੱਚ ਅਪਲਾਈ ਕਰਨ ਦੀ ਦਰਸਾਈ ਆਖਰੀ ਮਿਤੀ ਤੋ ਪਹਿਲਾਂ ਦਾ ਸਮਰੱਥ ਅਧਿਕਾਰੀ ਦੁਆਰਾ ਜਾਰੀ ਅਪਾਹਜ ਦਾ ਸਰਟੀਫਿਕੇਟ ਦਸਤਾਵੇਜ਼ਾ ਦੀ ਸਕਰੂਟਨੀ ਸਮੇਂ ਪੇਸ਼ ਕਰੇਗਾ,ਜਿਸ ਵਿਚ ਉਪਰਲੀ ਜਾਂ ਹੇਠਲੀ ਅੰਗਹੀਣਤਾ ਹੱਦ ਦੇ 40% ਸਥਾਈ/ਅੰਸ਼ਿਕ ਦਰਜ ਹੋਵੇ।ਇਸ ਸਰਟੀਫਿਕੇਟ ਵਿਚ ਸਿਵਲ ਰੁਜ਼ਗਾਰ/ਨਿਰਧਾਰਤ ਅਸਾਮੀ ਲਈ ਫਿੱਟ ਹੋਣਾ ਵੀ ਦਰਸਾਇਆ ਜਾਣਾ ਜ਼ਰੂਰੀ ਹੈ।ਇਹ ਸਰਟੀਫਿਕੇਟ ਜ਼ਿਲੇ ਦੇ ਸਿਵਲ ਸਰਜਨ ਜਾਂ ਉਨ੍ਹਾਂ ਵੱਲੋਂ ਅਧਿਕਾਰਤ ਮੈਡੀਕਲ ਅਫਸਰ ਵੱਲੋਂ ਜਾਰੀ ਕੀਤਾ ਹੋਵੇ।

9. ਉਮੀਦਵਾਰ ਨੇ ਦਸਵੀਂ ਪੱਧਰ ਦੀ ਪੰਜਾਬੀ ਪਾਸ ਕੀਤੀ ਹੋਵੇ ਜਾਂ ਭਾਸ਼ਾ ਵਿਭਾਗ ਤੋਂ ਨਿਰਧਾਰਤ ਕੋਰਸ ਪਾਸ ਕੀਤਾ ਹੋਵੇ,ਜਾਂ ਮੈਟਿਰਕ ਤੋਂ ਕਿਸੇ ਉਚੇਰੀ ਕਲਾਸ ਵਿਚ ਪੰਜਾਬੀ ਪਾਸ ਹੋਵੇ।

10. ਮਿਤੀ 01-01-2012 ਨੂੰ ਉਮਰ 18 ਤੋਂ 38 ਸਾਲ ਦੇ ਦਰਮਿਆਨ ਹੋਵੇ।

11. ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ ਸੀਮਾ ਦੀ ਹੱਦ ਵਿਚ 5 ਸਾਲ ਦੀ ਛੋਟ ਹੋਵੇਗੀ।

12. ਪੰਜਾਬ,ਹੋਰ ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਦੀ ਉਪਰਲੀ ਉਮਰ ਸੀਮਾ ਦੀ ਹੱਦ 45 ਸਾਲ ਤੱਕ ਹੋਵੇਗੀ।

13. ਸਾਬਕਾ ਸੈਨਿਕ ਕੋਟੇ ਅਧੀਨ ਰਾਖਵਾਂਕਰਨ ਕੇਵਲ ਪੰਜਾਬ ਦੇ ਵਸਨੀਕਾਂ ਤੇ ਹੀ ਲਾਗੂ ਹੈ, ਜੇਕਰ ਸਾਬਕਾ ਸੈਨਿਕ ਖੁਦ ਉਮੀਦਵਾਰਾਂ ਨਾ ਹੋਵੇ ਤਾਂ ਹੀ ਇਹ ਰਾਖਵਾਂਕਰਨ ਆਸ਼ਰਿਤਾਂ ਲਈ ਲਾਗੂ ਹੋਵੇਗਾ।ਅਜਿਹੇ ਸਾਬਕਾ ਸੈਨਿਕ/ਆਸ਼ਰਿਤ ਸਰਕਾਰ ਦੁਆਰਾ ਨਿਯੁਕਤ ਸਮਰੱਥ ਅਧਿਕਾਰੀ ਵੱਲੋਂ ਜਾਰੀ ਕੀਤਾ ਵਿਗਿਆਪਨ ਵਿਚ ਦਿੱਤੀ ਅਪਲਾਈ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਦਾ ਬਣਿਆ ਅਸਲ ਸਰਟੀਫਿਕੇਟਾਂ ਦਸਤਾਵੇਜ਼ਾਂ ਦੀ ਸਕਰੂਟਨੀ ਸਮੇਂ ਪੇਸ਼ ਕਰਨਗੇ।

14. ਵਿਧਵਾ ਅਤੇ ਤਲਾਕਸ਼ੁਧਾ ਔਰਤਾ ਦੀ ਉਮਰ ਦੀ ਉਪਰਲੀ ਸੀਮਾ ਦੀ ਹੱਦ ਪੰਜਾਬ ਸਰਕਾਰ ਦੇ ਨਿਯਮਾਂ ਅਤੇ ਸਮੇਂ ਸਮੇਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਹੋਵੇਗੀ।

15. ਪੰਜਾਬ ਦੇ ਵਸਨੀਕ ਵਿਕਲਾਂਗਾ ਦੀ ਉਮਰ ਦੀ ਉਪਰਲੀ ਸੀਮਾ ਦੀ ਹੱਦ ਪੰਜਾਬ ਸਰਕਾਰ ਦੇ ਨਿਯਮਾਂ ਅਤੇ ਸਮੇਂ ਸਮੇਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਹੋਵੇਗੀ।

16. ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਵਾਸੀਆਂ ਲਈ ਹੀ ਉਪਲਬਧ ਹੋਵੇਗਾ।

17. ਪੁਰਸ਼ ਅਤ ਇਸਤਰੀ ਉਮੀਦਵਾਰਾਂ ਦੀ ਸਾਂਝੀ ਮੈਰਿਟ ਬਣਾਈ ਜਾਵੇਗੀ।

18. ਵਿਗਿਆਪਨ ਵਿਚ ਦਰਜ ਅਸਾਮੀਆਂ ਵਧਾਈਆਂ-ਘਟਾਈਆਂ ਜਾ ਸਕਦੀਆਂ ਹਨ।

**8. ਆਨਲਾਈਨ ਅਪਲਾਈ ਕਰਨ ਦੀ ਵਿਧੀ :-**

(1) ਵੈਬਸਾਈਟ www.educationrecruitmentboard.com ।

(2) ਉਮੀਦਵਾਰ ਵਲੋਂ ਪਹਿਲਾਂ ਉਪਰੋਕਤ ਦਰਸਾਈ ਵੈਬਸਾਈਟ ਉੱਤੇ ਰਜਿਸਟ੍ਰੇਸਨ ਕਰਵਾਈ ਜਾਵੇਗੀ।ਰਜਿਸਟ੍ਰੇਸਨ ਕਰਵਾਉਣ ਲਈ ਇਸ ਵੈਬਸਾਈਟ ਉੱਤੇ ਦਿੱਤੇ ਲਿੰਕ New Registration ਉੱਤੇ Click ਕੀਤਾ ਜਾਵੇ ਅਤੇ ਮੰਗੀ ਗਈ ਜਾਣਕਾਰੀ ਭਰੀ ਜਾਵੇ। ਇੱਕ ਵਾਰ ਰਜਿਸਟ੍ਰੇਸਨ ਕਰਨ ਉਪਰੰਤ ਕੋਈ ਵੀ ਜਾਣਕਾਰੀ ਦੁਬਾਰਾ Update/Edit ਨਹੀਂ ਕੀਤੀ ਜਾਵੇਗੀ।

(3) ਰਜਿਸਟ੍ਰੇਸਨ ਉਪਰੰਤ ਉਮੀਦਵਾਰ ਆਪਣਾ Bank Challan ਜਨਰੇਟ ਕਰ ਸਕਦੇ ਹਨ ਅਤੇ State Bank of Patiala ਦੀ ਕਿਸੇ ਵੀ ਸ਼ਾਖਾ ਵਿੱਚ ਆਪਣੀ ਫੀਸ ਜਮ੍ਹਾਂ ਕਰਵਾ ਸਕਦੇ ਹਨ।

(4) ਫੀਸ ਸਬੰਧੀ ਬੈਂਕ ਤੋਂ Confirmation ਹੋਣ ਉਪਰੰਤ,ਸਿੱਖਿਆ ਵਿਭਾਗ ਵੱਲੋਂ ਉਮੀਦਵਾਰ ਦੀ ਰਜਿਸਟ੍ਰੇਸਨ 48 ਘੰਟੇ ਵਿੱਚ Confirm ਕਰ ਦਿੱਤੀ ਜਾਵੇਗੀ ਅਤੇ confirmation ਉਪਰੰਤ ਹੀ ਉਮੀਦਵਾਰ ਆਪਣੀ Online Application ਭਰ ਸਕਦੇ ਹਨ।

(5) Application ਭਰਨ ਉਪਰੰਤ ਇਸ ਦਾ Printout ਜਰੂਰ ਲਿਆ ਜਾਵੇ ਅਤੇ ਸੰਭਾਲ ਕੇ ਰੱਖਿਆ ਜਾਵੇ। ਇੱਥੇ ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ Application Form ਜਾਂ ਕੋਈ ਹੋਰ ਦਸਤਾਵੇਜ ਡਾਕ ਰਾਹੀਂ ਇਸ ਦਫਤਰ ਨੂੰ ਭੇਜਣ ਦੀ ਜਰੂਰਤ ਨਹੀਂ ਹੈ। ਕੋਈ ਵੀ ਦਸਤਾਵੇਜ, ਮੰਗੇ ਜਾਣ ਉਪਰੰਤ ਹੀ ਭੇਜਿਆ ਜਾਵੇ।

Important Dates:-

ਪਹਿਲਾਂ ਉਮੀਦਵਾਰ ਆਨ-ਲਾਈਨ ਰਜਿਸਟ੍ਰੇਸ਼ਨ ਕਰੇਗਾ ਜਿਸ ਦੀ ਆਖਰੀ ਮਿਤੀ 3.11.2014 (ਸ਼ਾਮ 5 ਵਜੇ ਤੱਕ) ਹੋਵੇਗੀ। ਰਜਿਸਟ੍ਰੇਸਨ ਕਰਨਾ ਹੀ ਅਪਲਾਈ ਕਰਨ ਦੀ ਆਖਰੀ ਮਿਤੀ ਮੰਨੀ ਜਾਵੇਗੀ।

ਉਮੀਦਵਾਰ ਰਜਿਸਟ੍ਰੇਸਨ ਕਰਨ ਤੋਂ ਬਾਅਦ ਬੈਂਕ ਚਲਾਨ ਜਨਰੇਟ ਕਰੇਗਾ ਅਤੇ ਅਰਜੀ ਦੀ ਨਿਰਧਾਰਤ ਫੀਸ ਮਿਤੀ 5-11-2014 ਤੱਕ ਬੈਂਕ ਵਿੱਚ ਜਮ੍ਹਾ ਕਰਵਾਏਗਾ। ਬੈਂਕ ਵਿੱਚ ਫੀਸ ਜਮ੍ਹਾ ਕਰਵਾਉਣ ਅਤੇ ਜਮ੍ਹਾ ਕਰਵਾਈ ਗਈ ਫੀਸ ਦੀ ਕੰਨਫਰਮੇਸ਼ਨ ਹੋਣ ਉਪਰੰਤ ਹੀ ਉਮੀਦਵਾਰ ਆਪਣਾ ਆਨ-ਲਾਈਨ ਐਪਲੀਕੇਸ਼ਨ ਫਾਰਮ ਭਰ ਸਕਦਾ ਹੈ ਜਿਸ ਦੀ ਆਖਰੀ ਮਿਤੀ 7-11-2014(ਸ਼ਾਮ 5 ਵਜੇ ਤੱਕ ਹੈ।

ਚੇਅਰਮੈਨ ਭਰਤੀ ਬੋਰਡ-ਕਮ-
ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਵਿਭਾਗ ਪੰਜਾਬ।